27-Nov_Punjab-3-10-9-Jacket-2-Loc.qxd 11/28/2025 12:54 AM Page 3

ਦੱਖਣੀ ਗੋਆ 'ਚ ਸ੍ਰੀ ਸੰਸਥਾਨ ਗੋਕਰਨ ਜੀਵੋਤਮ ਮੱਠ ਵਿਖੇ ਰਾਮ ਦੀ 77 ਫੁੱਟ ਉਚੀ ਕਾਂਸੀ ਦੀ ਮੂਰਤੀ। ਜਿਸਦਾ ਉਦਘਾਟਨ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਨਗੇ।

ਪੰਜਾਬ ਤੋਂ ਦਿੱਲੀ ਟੈਕਸੀ ਬੁੱਕ ਕਰ ਕੇ ਗਏ ਪ੍ਰਵਾਸੀ ਭਾਰਤੀ ਜੋੜੇ ਨਾਲ 12 ਲੱਖ ਦੀ ਲੁੱਟ

ਟੈਕਸੀ ਡਰਾਈਵਰ 'ਤੇ ਮਿਲੀ ਭੁਗਤ ਨਾਲ ਵਾਰਦਾਤ ਨੂੰ ਅੰਜਾਮ ਦੇਣ ਦੇ ਲੱਗੇ ਦੋਸ਼

ਫਿਲੌਰ (ਜਲੰਧਰ), 27 ਨਵੰਬਰ (ਵਿਪਨ ਗੈਰੀ)-ਸਬ ਡਵੀਜ਼ਨ ਫਿਲੌਰ ਦੇ ਪਿੰਡ ਬਿਲਗਾ ਦੇ ਪ੍ਰਵਾਸੀ ਭਾਰਤੀ ਪਤੀ ਪਤਨੀ ਵਲੋਂ ਕਥਿਤ ਤੌਰ 'ਤੇ ਟੈਕਸੀ ਡਰਾਈਵਰ 'ਤੇ ਮਿਲੀ ਭੁਗਤ ਕਰਕੇ ਕਰੀਬ 12 ਲੱਖ ਦੀ ਲੁੱਟ ਕਰਨ ਦੇ ਦੋਸ਼ ਲਗਾਏ ਹਨ। ਉਕਤ ਮਾਮਲੇ 'ਚ ਪ੍ਰਵਾਸੀ ਭਾਰਤੀ ਰਾਮ ਲੁਭਾਇਆ (65) ਨੇ ਅੱਜ ਆਸਟ੍ਰੇਲੀਆ ਤੋਂ ਫ਼ੋਨ ਰਾਹੀਂ ਸਾਰੀ ਘਟਨਾ ਬਾਰੇ ਜਾਣੂ ਕਰਵਾਇਆ ਤੇ ਦੱਸਿਆ ਕਿ 10 ਨਵੰਬਰ ਨੂੰ ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਸਟ੍ਰੇਲੀਆ ਜਾਣਾ ਸੀ ਤਾਂ ਦਿੱਲੀ ਏਅਰਪੋਰਟ ਲਈ ਇਕ ਟੈਕਸੀ ਲੁਧਿਆਣਾ ਤੋਂ ਬੁੱਕ ਕੀਤੀ। ਜਿਸ ਦਾ ਡਰਾਈਵਰ ਸੰਜੀਵ ਘਈ ਸੀ ਤੇ ਟੈਕਸੀ ਨੰਬਰ ਪੀ.ਬੀ.01ਐਫ-1814 ਸੀ। ਜੋੜੇ ਨੇ ਦੱਸਿਆ ਕਿ ਉਹ ਦੁਪਹਿਰ 12 ਵਜੇ ਦੇ ਕਰੀਬ ਘਰੋਂ ਚੱਲੇ ਅਤੇ ਸ਼ਾਮ 5 ਵਜੇ ਦੇ ਕਰੀਬ ਡਰਾਈਵਰ ਨੇ ਬਿਨਾ ਦੱਸੇ ਉਨ੍ਹਾਂ ਨੂੰ ਕਿਸੇ ਗੁਮਨਾਮ ਢਾਬੇ ਨਜ਼ਦੀਕ ਸ਼ੰਭੂ ਬਾਰਡਰ ਵਿਖੇ ਰੋਟੀ ਖਵਾਉਣ ਲਈ ਗੱਡੀ ਰੋਕੀ। ਜਿੱਥੇ ਉਨ੍ਹਾਂ ਨੇ ਡਰਾਈਵਰ ਨੂੰ ਕਿਹਾ ਕਿ ਰੋਟੀ ਦਾ ਬਿੱਲ ਦੇਣ ਲਈ ਕਾਰ ਵਿਚ ਪਿਆ ਲੇਡੀਜ਼ ਬੈਗ ਚੁੱਕਣਾ ਹੈ ਕਿਉਂਕਿ ਉਸ ਵਿਚ ਹੋਰ ਵੀ ਜ਼ਰੂਰੀ ਕਾਗ਼ਜ਼ਾਤ ਅਤੇ ਨਕਦੀ ਹੈ ਪਰ ਡਰਾਈਵਰ ਨੇ ਕਿਹਾ ਕਿ ਉਸ ਦੀ ਗੱਡੀ ਪੂਰੀ ਤਰ੍ਹਾਂ ਲਾਕ ਹੈ, ਉਹ ਬੈਗ ਦੀ ਕੋਈ ਫ਼ਿਕਰ ਨਾ ਕਰਨ। ਇਸੇ ਦੌਰਾਨ ਉਨ੍ਹਾਂ ਦੇਖਿਆ ਕਿ ਕੁਝ ਰੁਪਏ ਉਨ੍ਹਾਂ ਕੋਲ ਹਨ ਤੇ ਉਹ ਢਾਬੇ ਅੰਦਰ ਖਾਣਾ-ਖਾਣ ਪਹੁੰਚ ਗਏ ਤੇ ਉਸ ਵੇਲੇ ਡਰਾਈਵਰ ਕਿਧਰੇ ਗ਼ਾਇਬ ਰਿਹਾ। ਜੋੜੇ ਨੇ ਦੱਸਿਆ ਰੋਟੀ ਖਾਣ ਮਗਰੋਂ ਜਦ ਉਹ ਦੁਬਾਰਾ ਕਾਰ 'ਚ ਬੈਠੇ ਤਾਂ ਡਰਾਈਵਰ ਵਲੋਂ ਕਾਰ ਦੀ ਰਫ਼ਤਾਰ ਹੌਲੀ ਰੱਖੀ ਗਈ ਅਤੇ ਥੋੜਾ ਅੱਗੇ ਜਾਣ 'ਤੇ ਇਕ ਮੋਟਰਸਾਈਕਲ ਸਵਾਰ ਨੌਜਵਾਨ ਵਲੋਂ ਕਾਰ ਡਰਾਈਵਰ ਨੂੰ ਇਸ਼ਾਰਾ ਕਰ ਕੇ ਰੋਕ ਲਿਆ। ਡਰਾਈਵਰ ਨੇ ਗੱਡੀ ਦਾ ਅਗਲਾ ਬੋਨਟ ਖ਼ੋਲ ਲਿਆ ਤੇ ਗੱਡੀ ਅੱਨਲਾਕ ਸੀ ਇਸੇ ਦੌਰਾਨ ਪਿੱਛੋਂ ਤੋਂ ਉਹੀ ਲੜਕਾ ਮੋਟਰਸਾਈਕਲ ਤੇ ਸਵਾਰ ਹੋ ਕੇ ਆਇਆ ਅਤੇ ਉਸ ਨੇ ਗੱਡੀ ਦੀ ਪਿਛਲੀ ਡਿੱਗੀ ਖ਼ੋਲ ਕੇ ਉਹੀ ਬੈਗ ਖਿਸਕਾ ਲਿਆ। ਜਿਸ ਵਿਚ ਸਾਰਾ ਸਮਾਨ ਸੀ ਅਤੇ ਕਿਸੇ ਹੋਰ ਬੈਗ ਨੂੰ ਹੱਥ ਨਹੀਂ ਪਾਇਆ ਇਹ ਸਭ ਦੇਖ ਕੇ ਪਿੱਛੇ ਬੈਠੀ ਉਨ੍ਹਾਂ ਦੀ ਪਤਨੀ ਨੇ ਦੁਹਾਈ ਵੀ ਪਾਈ ਜਦ ਤੱਕ ਉਹ ਮੋਟਰਸਾਈਕਲ ਲੈ ਕੇ ਬਹੁਤ ਦੂਰ ਜਾ ਚੁੱਕਾ ਸੀ।

ਜਾਣਕਾਰੀ ਦਿੰਦੇ ਹੋਏ ਪ੍ਰਵਾਸੀ ਭਾਰਤੀ ਰਾਮ ਲੁਭਾਇਆ ਅਤੇ ਉਨ੍ਹਾਂ ਦੀ ਪਤਨੀ। ਤਸਵੀਰ : ਗੈਰੀ ਫਿਲੌਰ

ਪੁਲਿਸ ਨੂੰ ਫ਼ੋਨ ਕਰਨ ਤੋਂ ਵੀ ਰੋਕਦਾ ਰਿਹਾ ਡਰਾਈਵਰ

ਇਸ ਘਟਨਾ ਦੇ ਵਾਪਰਦੇ ਹੀ ਜੋੜੇ ਨੇ ਦੱਸਿਆ ਕਿ ਉਹ ਘਬਰਾ ਗਏ ਪਰ ਕੁਝ ਸਮੇਂ ਮਗਰੋਂ ਜਦ ਉਨ੍ਹਾਂ ਦੀ ਸੁਰਤ ਟਿਕਾਣੇ ਆਈ ਤਾਂ ਮੋਟਰਸਾਈਕਲ ਵਾਲਾ ਨੌਜਵਾਨ ਫਿਰ ਵਾਪਸ ਮੁੜਿਆ ਅਤੇ ਉਨ੍ਹਾਂ ਦਾ ਬੈਗ ਸੁੱਟ ਕੇ ਚਲਾ ਗਿਆ। ਜਿਸ ਨੂੰ ਡਰਾਈਵਰ ਨੇ ਕੁਝ ਨਹੀਂ ਕਿਹਾ ਤੇ ਕਹਿਣ ਲੱਗਾ ਕਿ ਦੇਖ ਲਾਓ ਤੁਹਾਡੇ ਰੈੱਡ ਪਾਸਪੋਰਟ ਵਿਚ ਹਨ ਤੇ ਉਨ੍ਹਾਂ ਨੂੰ ਹੋਰ ਡਰਾਉਣ ਲੱਗਾ ਤੇ ਇੱਥੋਂ ਜਾਣ ਲਈ ਮਜਬੂਰ ਕੀਤਾ। ਜੋੜੇ ਨੇ ਦੱਸਿਆ ਕਿ ਡਰਾਈਵਰ ਵਲੋਂ ਉਨ੍ਹਾਂ ਨੂੰ ਬਹੁਤ ਡਰਾਇਆ ਅਤੇ ਉਨ੍ਹਾਂ ਦੀ ਜਾਨ ਬੱਚ ਗਈ ਵਰਗੇ ਦਿਲਾਸੇ ਦੇ ਕੇ ਰਿਸ਼ਤੇਦਾਰਾਂ ਦੇ ਘਰ ਛੱਡ ਦਿੱਤਾ ਗਿਆ ਜਦ ਕੀ ਉਨ੍ਹਾਂ ਨੂੰ ਪੂਰਾ ਸ਼ੱਕ ਹੈ ਕੀ ਇਹ ਸਾਰੀ ਘਟਨਾ ਡਰਾਈਵਰ ਨੇ ਮਿਲੀ ਭੁਗਤ ਨਾਲ ਕੀਤੀ ਹੈ ਤੇ ਉਨ੍ਹਾਂ ਨੇ ਥਾਣਾ ਸਵਰੂਪ ਨਗਰ, ਦਿੱਲੀ ਦੀ ਪੁਲਿਸ ਨੂੰ ਟੈਕਸੀ ਅਤੇ ਡਰਾਈਵਰ ਦੀ ਤਸਵੀਰ ਅਤੇ ਉਸ ਦੇ ਪਛਾਣ ਪੱਤਰ ਦੀਆਂ ਕਾਪੀਆਂ ਦੇ ਦਿੱਤੀਆਂ ਹਨ, ਪਰ ਹੱਲੇ ਤਕ ਕੋਈ ਵੀ ਕਾਰਵਾਈ ਨਹੀਂ ਹੋਈ। ਜਦਕਿ ਉਨ੍ਹਾਂ ਦਾ ਕਰੀਬ 12 ਲੱਖ ਦਾ ਨੁਕਸਾਨ ਹੋ ਚੁੱਕਾ ਹੈ ਜਿਸ ਵਿਚ ਤਿੰਨ ਜੋੜੇ ਸੋਨੇ ਦੀਆਂ ਵਾਲ਼ੀਆਂ, ਦੋ ਸੋਨੇ ਦੀਆਂ ਮੁੰਦੀਆਂ, ਦੋ ਵਿਦੇਸ਼ੀ ਗੁੱਟ-ਘੜੀਆਂ, ਇਕ ਹਜ਼ਾਰ ਪਾਊਂਡ, ਚਾਰ ਸੌ ਯੂਰੋ ਅਤੇ ਤੇਤੀ ਹਜ਼ਾਰ ਰੁਪਏ ਭਾਰਤੀ ਕਰੰਸੀ ਸੀ।

ਨਵੀਂ ਦਿੱਲੀ ਵਿਖੇ ਅੰਤਰਰਾਸ਼ਟਰੀ ਵਪਾਰ ਮੇਲੇ 'ਚ ਪੁਰਸਕਾਰ ਵੰਡ ਸਮਾਰੋਹ ਦੌਰਾਨ ਪੰਜਾਬ ਪੰਡਾਲ ਲਈ ਪੁਰਸਕਾਰ ਪ੍ਰਾਪਤ ਕਰਦੇ ਹੋਏ ਪੰਜਾਬ ਸਰਕਾਰ ਦੇ ਅਧਿਕਾਰੀ। ਤਸਵੀਰ : ਸ਼ਿਆਮ ਸੁੰਦਰ

ਹਾਂਗਕਾਂਗ 'ਚ ਬਹੁ-ਮੰਜ਼ਿਲਾ ਇਮਾਰਤਾਂ ਨੂੰ ਲੱਗੀ ਅੱਗ ਦੇ ਮ੍ਰਿਤਕਾਂ ਦੀ ਗਿਣਤੀ 83 ਹੋਈ

ਬੀਜਿੰਗ/ਹਾਂਗਕਾਂਗ, 27 ਨਵੰਬਰ (ਪੀ.ਟੀ. ਆਈ.)-ਹਾਂਗਕਾਂਗ 'ਚ ਸੱਤ ਉਚੀਆਂ ਰਿਹਾਇਸ਼ੀ ਇਮਾਰਤਾਂ ਨੂੰ ਲੱਗੀ ਭਿਆਨਕ ਅੱਗ 'ਤੇ ਕਾਬੂ ਪਾਉਣ ਲਈ ਅੱਗ ਬੁਝਾਊ ਵਿਭਾਗ ਦੇ ਕਰਮਚਾਰੀ ਦੂਜੇ ਦਿਨ ਵੀ ਜੂਝਦੇ ਰਹੇ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ 83 ਹੋ ਗਈ ਅਤੇ 280 ਤੋਂ ਵੱਧ ਲਾਪਤਾ ਹਨ। ਅਧਿਕਾਰੀਆਂ ਨੇ ਇਸ ਨੂੰ 70 ਸਾਲਾਂ 'ਚ ਸ਼ਹਿਰ ਦੀ ਸਭ ਤੋਂ ਭਿਆਨਕ ਆਫ਼ਤ ਦੱਸਿਆ ਹੈ।ਲਗਭਗ 76 ਲੋਕ ਜ਼ਖ਼ਮੀ ਹੋਏ ਹਨ, 15 ਦੀ ਹਾਲਤ ਨਾਜ਼ੁਕ ਅਤੇ 28 ਦੀ ਹਾਲਤ ਗੰਭੀਰ ਹੈ। ਮ੍ਰਿਤਕਾਂ 'ਚ ਅੱਗ ਬੁਝਾਊ ਵਿਭਾਗ ਦਾ ਇਕ ਕਰਮਚਾਰੀ ਵੀ ਸ਼ਾਮਿਲ ਹੈ। ਸੱਤ ਬਲਾਕਾਂ 'ਚੋਂ ਚਾਰ ਨੂੰ ਆਪਣੀ ਲਪੇਟ 'ਚ ਲੈਣ ਵਾਲੀ ਭਿਆਨਕ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਜਦੋਂ ਕਿ ਵੀਰਵਾਰ ਸ਼ਾਮ ਨੂੰ ਬਾਕੀ 31 ਮੰਜ਼ਿਲਾ ਇਮਾਰਤਾਂ ਦੀਆਂ ਉਪਰਲੀਆਂ ਮੰਜ਼ਿਲਾਂ 'ਤੇ ਅੱਗ ਲੱਗੀ ਰਹੀ।

ਮਸ਼ਹੂਰ ਯੂਟਿਊਬਰ ਸ਼ਾਦਾਬ ਗ੍ਰਿਫ਼ਤਾਰ-ਜ਼ਮਾਨਤ ਮਿਲੀ

ਮੇਰਠ (ਯੂ.ਪੀ.), 27 ਨਵੰਬਰ (ਪੀ.ਟੀ.ਆਈ.)-ਮਸ਼ਹੂਰ ਯੂਟਿਊਬਰ ਸ਼ਾਦਾਬ ਜਕਾਤੀ ਨੂੰ ਉਸ ਦੀ ਇਕ ਵਾਇਰਲ ਵੀਡੀਓ ਦੇ ਸੰਬੰਧ 'ਚ ਗ੍ਰਿਫ਼ਤਾਰ ਕੀਤਾ ਗਿਆ, ਜਿਸ 'ਚ ਉਹ ਕਥਿਤ ਤੌਰ 'ਤੇ ਇਕ ਨਾਬਾਲਗ ਲੜਕੀ ਤੇ ਔਰਤਾਂ ਨਾਲ ਗੱਲਬਾਤ ਕਰਦੇ ਹੋਏ ਇਤਰਾਜ਼ਯੋਗ ਟਿੱਪਣੀਆਂ ਕਰਦਾ ਦਿਖਾਈ ਦੇ ਰਿਹਾ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜਕਾਤੀ ਵਿਰੁੱਧ ਸਥਾਨਕ ਨਿਵਾਸੀ ਅਨੀਸ ਦੀ ਸ਼ਿਕਾਇਤ 'ਤੇ ਭਾਰਤੀ ਨਿਆ ਸੰਹਿਤਾ (ਬੀ.ਐਨ.ਐਸ.) ਦੀ ਧਾਰਾ 296 (ਅਸ਼ਲੀਲ ਹਰਕਤਾਂ) ਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 67 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ। ਹਾਲਾਂਕਿ, ਗ੍ਰਿਫ਼ਤਾਰੀ ਤੋਂ ਬਾਅਦ, ਜਕਾਤੀ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਥੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਸਨੂੰ ਜ਼ਮਾਨਤ ਦੇ ਮਿਲ ਗਈ।

ਸਿਰਸਾ 'ਚ ਮਹਿਲਾ ਥਾਣੇ ਦੇ ਬਾਹਰ ਜ਼ੋਰਦਾਰ ਧਮਾਕਾ

ਸਿਰਸਾ, 27 ਨਵੰਬਰ (ਭੁਪਿੰਦਰ ਪੰਨੀਵਾਲੀਆ)-ਸਿਰਸਾ ਦੇ ਮਹਿਲਾ ਥਾਣੇ ਦੇ ਬਾਹਰ ਬੀਤੀ ਦੇਰ ਰਾਤ ਇਕ ਜ਼ੋਰਦਾਰ ਧਮਾਕਾ ਹੋਇਆ। ਇਸ ਧਮਾਕੇ ਬਾਰੇ ਸੂਹੀਆ ਏਜੰਸੀਆਂ ਤੇ ਪੁਲਿਸ ਮੁਲਾਜ਼ਮਾਂ ਨੂੰ ਪਤਾ ਨਹੀਂ ਲੱਗਿਆ। ਮਹਿਲਾ ਥਾਣੇ ਦੇ ਬਾਹਰ ਧਮਾਕਾ ਕੀਤੇ ਜਾਣ ਦੀ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ। ਇਸ ਮਾਮਲੇ 'ਚ ਪੁਲਿਸ ਨੇ ਪੰਜ ਨੌਜਵਾਨਾਂ ਨੂੰ ਰਿਹਾਸਤ ਵਿਚ ਲਿਆ ਹੈ। ਇਸ ਧਮਾਕੇ ਦੀ ਜ਼ਿੰਮੇਵਾਰੀ ਖਾਲਿਸਤਾਨ ਲਿਬਰੇਸ਼ਨ ਆਰਮੀ ਵਲੋਂ ਲਈ ਗਈ ਹੈ। ਸ਼ੋਸ਼ਲ ਮੀਡੀਆ 'ਤੇ ਵਾਇਰਲ ਖਾਲਿਸਤਾਨੀ ਗਰੁੱਪ ਕਿੰਗ ਸ਼ੂਟਰ ਦੇ ਨਾਂਅ ਤੋਂ ਬਣੇ ਇੰਸਟਾਗਰਾਮ 'ਤੇ ਸ਼ੇਅਰ ਕੀਤਾ ਗਿਆ ਹੈ। ਹਾਲਾਂਕਿ ਇਸ ਧਮਾਕੇ ਨਾਲ ਕੋਈ ਜਾਨ-ਮਾਲ ਦਾ ਨੁਕਸਾਨ ਨਹੀਂ ਹੋਇਆ ਹੈ।

ਹਮਲੇ ਦੀ ਜ਼ਿੰਮੇਵਾਰੀ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਨੇ ਲਈ-ਪੰਜ ਨੌਜਵਾਨ ਹਿਰਾਸਤ'ਚ ਲਏ

ਜਾਅਲੀ ਦਸਤਾਵੇਜ਼ਾਂ ਨਾਲ ਹੋਟਲ 'ਚ ਠਹਿਰੀ ਔਰਤ ਗ੍ਰਿਫ਼ਤਾਰ, ਉਸਦੇ ਫ਼ੋਨ 'ਤੇ ਮਿਲੇ ਪਾਕਿਸਤਾਨੀ ਨੰਬਰ

ਛਤਰਪਤੀ ਸੰਭਾਜੀਨਗਰ, 27 ਨਵੰਬਰ (ਪੀ.ਟੀ.ਆਈ.)-ਪੁਲਿਸ ਨੇ ਇਕ ਔਰਤ ਨੂੰ ਜਾਅਲੀ ਦਸਤਾਵੇਜ਼ਾਂ 'ਤੇ ਇਥੇ ਇਕ ਹੋਟਲ 'ਚ ਠਹਿਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ ਅਤੇ ਉਸਦੇ ਫੋਨ 'ਤੇ ਕੁਝ ਅੰਤਰਰਾਸ਼ਟਰੀ ਨੰਬਰ ਮਿਲੇ ਹਨ, ਜਿਨ੍ਹਾਂ ਵਿੱਚ ਅਫਗਾਨ ਦੂਤਘਰ ਅਤੇ ਪਾਕਿਸਤਾਨ ਦੇ ਨੰਬਰ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਕਿਹਾ ਕਿ ਪੁਲਿਸ ਨੂੰ ਵੱਖ-ਵੱਖ ਸਰੋਤਾਂ ਤੋਂ ਉਸਦੇ ਖਾਤੇ ਵਿੱਚ 32 ਲੱਖ ਰੁਪਏ ਜਮ੍ਹਾਂ ਵੀ ਮਿਲੇ ਹਨ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 13 ਲੋਕਾਂ ਨੂੰ ਨੋਟਿਸ ਜਾਰੀ ਕੀਤੇ ਹਨ ਜਿਨ੍ਹਾਂ ਨੇ ਕਥਿਤ ਤੌਰ 'ਤੇ ਉਸਨੂੰ ਪੈਸੇ ਟ੍ਰਾਂਸਫਰ ਕੀਤੇ ਸਨ। ਇਕ ਅਧਿਕਾਰੀ ਨੇ ਦੱਸਿਆ ਕਿ ਔਰਤ ਮਹਾਰਾਸ਼ਟਰ ਦੇ ਛਤਰਪਤੀ ਸੰਭਾਜੀਨਗਰ ਕਸਬੇ ਦੇ ਹੋਟਲ ਵਿੱਚ ਠਹਿਰਦੇ ਹੋਏ ਜੈਪੁਰ, ਉਦੈਪੁਰ ਅਤੇ ਦਿੱਲੀ ਵੀ ਗਈ ਸੀ, ਅਤੇ ਉਸਦੇ ਯਾਤਰਾ ਇਤਿਹਾਸ ਦੀ ਜਾਂਚ ਕੀਤੀ ਜਾ ਰਹੀ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਕਲਪਨਾ ਭਾਗਵਤ (45) ਨੂੰ ਐਤਵਾਰ ਨੂੰ ਵੀ ਆਈ ਪੀ ਮੂਵਮੈਂਟ ਦੇ ਮੱਦੇਨਜ਼ਰ ਇੱਥੇ ਜਾਲਨਾ ਰੋਡ 'ਤੇ ਹੋਟਲਾਂ ਦੀ ਜਾਂਚ ਕਰਨ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ। ਔਰਤ ਕਥਿਤ ਤੌਰ 'ਤੇ ਜਾਲਨਾ ਰੋਡ 'ਤੇ ਪਿਛਲੇ ਛੇ ਮਹੀਨਿਆਂ ਤੋਂ ਇੱਕ ਹੋਟਲ ਵਿੱਚ ਜਾ ਰਹੀ ਸੀ। ਅਧਿਕਾਰੀ ਨੇ ਕਿਹਾ ਕਿ ਉਸਦੇ ਹੋਟਲ ਦੇ ਕਮਰੇ ਦੀ ਤਲਾਸ਼ੀ ਦੌਰਾਨ, ਪੁਲਿਸ ਨੂੰ ਸਿਵਲ ਸੇਵਾਵਾਂ ਪ੍ਰੀਖਿਆ 2017 'ਤੇ ਅਧਾਰਿਤ ਆਈ ਏ ਐੱਸ ਵਿੱਚ ਨਿਯੁਕਤੀ ਸਿਰਲੇਖ ਵਾਲੇ ਪੰਜ ਕਾਗਜ਼ਾਂ ਦਾ ਇੱਕ ਬੰਡਲ ਵੀ ਮਿਲਿਆ ਅਤੇ ਉਨ੍ਹਾਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ।

ਅਨੰਤਨਾਗ ਵਿਖੇ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ ਨਾਲ ਸੰਬੰਧਿਤ ਇਕ ਵਿਅਕਤੀ ਦੀ ਰਿਹਾਇਸ਼ 'ਤੇ ਛਾਪਾ ਮਾਰਦੇ ਪੁਲਿਸ ਮੁਲਾਜ਼ਮ।

ਜਮਾਤ-ਏ-ਇਸਲਾਮੀ ਦੇ ਟਿਕਾਣਿਆਂ 'ਤੇ ਪੁਲਿਸ ਵਲੋਂ ਛਾਪੇਮਾਰੀ

ਸ੍ਰੀਨਗਰ, 27 ਨਵੰਬਰ (ਪੀ. ਟੀ. ਆਈ.)-ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਨੇ ਵੀਰਵਾਰ ਨੂੰ ਪਾਬੰਦੀਸ਼ੁਦਾ ਜਮਾਤ-ਏ-ਇਸਲਾਮੀ (ਜੇ. ਈ. ਐੱਲ.) 'ਤੇ ਕਾਰਵਾਈ ਜਦੇ ਤਹਿਤ ਕਸ਼ਮੀਰ ਵਾਦੀ 'ਚ ਕਈ ਥਾਵਾਂ 'ਤੇ ਛਾਪੇ ਮਾਰੇ। ਉਨ੍ਹਾਂ ਨੇ ਦੱਸਿਆ ਕਿ ਇਹ ਛਾਪੇ ਅਨੰਤਨਾਗ, ਪੁਲਵਾਮਾ, ਬਡਗਾਮ, ਕੁਲਗਾਮ ਅਤੇ ਕੁਪਵਾੜਾ ਜ਼ਿਲ੍ਹੇ 'ਚ ਮਾਰੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਇਹ ਛਾਪੇ ਜੇ ਈ ਐੱਲ ਦੇ ਮੈਂਬਰਾਂ ਅਤੇ ਉਨ੍ਹਾਂ ਦੇ ਸਾਥੀਆਂ ਨਾਲ ਜੁੜੇ ਘਰਾਂ ਅਤੇ ਦੂਸਰੀਆਂ ਥਾਵਾਂ 'ਤੇ ਮਾਰੇ ਗਏ। ਉਨ੍ਹਾਂ ਕਿਹਾ ਕਿ ਇਹ ਛਾਪੇਮਾਰੀ ਭਰੋਸੇਯੋਗ ਖੁਫੀਆ ਜਾਣਕਾਰੀ ਮਿਲਣ ਤੋਂ ਬਾਅਦ ਕੀਤੀ ਗਈ ਕਿ ਕੁਝ ਜੇ ਈ ਐੱਲ ਮੈਂਬਰ ਰਾਸ਼ਟਰ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਸਨ। ਅਧਿਕਾਰੀਆਂ ਅਨੁਸਾਰ ਸੰਗਠਨ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ ਨਾਲ ਜੁੜੇ ਵਿਅਕਤੀਆਂ ਦੇ ਘਰਾਂ ਤੋਂ ਇਲੈਕਟ੍ਰਾਨਿਕ ਉਪਕਰਣ, ਦਸਤਾਵੇਜ਼ ਅਤੇ ਸਾਹਿਤ ਜ਼ਬਤ ਕੀਤਾ ਗਿਆ ਸੀ। ਸਾਰੀਆਂ ਬਰਾਮਦ ਕੀਤੀਆਂ ਗਈਆਂ ਚੀਜ਼ਾਂ ਨੂੰ ਵਿਸਤ੍ਰਿਤ ਜਾਂਚ ਲਈ ਜ਼ਬਤ ਕਰ ਲਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਵਾਰੀਪੋਰਾ, ਹੰਦਵਾੜਾ ਵਿੱਚ ਜਾਮੀਆ ਇਸਲਾਮੀਆ ਇੰਸਟੀਚਿਊਟ ਵਿੱਚ ਵੀ ਤਲਾਸ਼ੀ ਲਈ ਗਈ। ਇਹ ਤਲਾਸ਼ੀਆਂ ਸ਼ੱਕੀ ਗੈਰ-ਕਾਨੂੰਨੀ ਗਤੀਵਿਧੀਆਂ ਅਤੇ ਜੇ ਈ ਐੱਲ ਨਾਲ ਸੰਭਾਵਿਤ ਸਬੰਧਾਂ ਬਾਰੇ ਜਾਣਕਾਰੀ ਦੇ ਆਧਾਰ 'ਤੇ ਕੀਤੀਆਂ ਗਈਆਂ।

ਸੰਸਦ ਦੇ ਸੁਰੱਖਿਆ ਜਵਾਨਾਂ ਲਈ ਸੀ.ਆਈ.ਐਸ.ਐਫ. ਨੇ ਨਵੀਂ ਪੋਸਟਿੰਗ ਨੀਤੀ ਲਿਆਂਦੀ

ਨਵੀਂ ਦਿੱਲੀ, 27 ਨਵੰਬਰ (ਪੀ.ਟੀ.ਆਈ.)-ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ.ਆਈ.ਐਸ.ਐਫ.) ਨੇ ਸੰਸਦ ਭਵਨ ਕੰਪਲੈਕਸ ਦੀ ਸੁਰੱਖਿਆ ਲਈ ਤਾਇਨਾਤ ਆਪਣੇ ਕਰਮਚਾਰੀਆਂ ਲਈ ਇਕ ਨਵੀਂ ਪੋਸਟਿੰਗ ਨੀਤੀ ਲਿਆਂਦੀ ਹੈ, ਜਿਸ ਦਾ ਉਦੇਸ਼ ਅੱਤਵਾਦ ਵਿਰੋਧੀ ਅਤੇ ਤੋੜ-ਫੋੜ ਵਿਰੋਧੀ ਕਵਰ ਨੂੰ ਮਜ਼ਬੂਤ ? ?ਕਰਨਾ ਹੈ। ਸੀ.ਆਈ.ਐਸ.ਐਫ. ਦੇ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਅਜੈ ਦਹੀਆ ਨੇ ਕਿਹਾ ਕਿ ਨਵੇਂ ਢਾਂਚੇ ਦੇ ਤਹਿਤ, ਕਰਮਚਾਰੀਆਂ ਦਾ ਕਾਰਜਕਾਲ ਮੌਜੂਦਾ 3 ਸਾਲਾਂ ਤੋਂ ਵਧਾ ਕੇ 4 ਕੀਤਾ ਗਿਆ ਹੈ, ਜਿਸ ਵਿਚ ਅਨੁਕੂਲਤਾ ਦੇ ਆਧਾਰ 'ਤੇ ਇਕ ਵਾਧੂ ਸਾਲ ਦਾ ਸੰਭਾਵਿਤ ਵਾਧਾ ਕੀਤਾ ਜਾ ਸਕਦਾ ਹੈ। ਇਕ ਯੂਨਿਟ 'ਚ ਤਾਇਨਾਤ ਕੀਤੇ ਜਾਣ ਵਾਲੇ ਸੀ.ਆਈ.ਐਸ.ਐਫ. ਕਰਮਚਾਰੀਆਂ ਲਈ ਆਮ ਕਾਰਜਕਾਲ ਆਮ ਤੌਰ 'ਤੇ ਤਿੰਨ ਸਾਲ ਹੁੰਦਾ ਹੈ।

ਹਵਾ ਪ੍ਰਦੂਸ਼ਣ-ਸਾਡੇ ਕੋਲ ਜਾਦੂ ਦੀ ਛੜੀ ਨਹੀਂ-ਸੁਪਰੀਮ ਕੋਰਟ

ਨਵੀਂ ਦਿੱਲੀ, 27